15

# ਮਸੀਹ, ਕਲੀਸੀਆ ਦਾ ਸਿਰ

ਇਕ ਪੁਰਾਣੀ ਕਹਾਣੀ ਹੈ ਜਿਸ ਵਿਚ ਮੁੰਡਿਆਂ ਦੀ ਇਕ ਟੋਲੀ ਦੌੜੀ ਦੌੜੀ ਇਕ ਦੁਕਾਨ ਵਿਚ ਗਈ। ਉਨ੍ਹਾਂ ਨੇ ਕੁਝ ਸਮਾਨ ਖ਼ਰੀਦਿਆ ਅਤੇ ਉੱਥੋਂ ਚਲੇ ਗਏ। ਮਿੰਟਾਂ 'ਚ ਹੀ ਉਹ ਉੱਥੋਂ ਗਾਇਬ ਹੋ ਗਏ। ਕੁਝ ਦੇਰ ਬਾਅਦ, ਇਕ ਹੋਰ ਮੁੰਡਾ ਦੁਕਾਨ ਤੇ ਦੌੜਦਾ ਹੋਇਆ ਆਇਆ ਅਤੇ ਦੁਕਾਨਦਾਰ ਤੋਂ ਪੁੱਛਣ ਲੱਗਾ, ''ਤੁਸੀਂ ਮੁੰਡਿਆਂ ਦੀ ਇਕ ਟੋਲੀ ਇੱਧਰੋਂ ਜਾਂਦੀ ਵੇਖੀ ਹੈ?'' ਦੁਕਾਨਦਾਰ ਨੇ ਜਵਾਬ ਦਿੱਤਾ, ''ਹਾਂ ਵੇਖੀ ਹੈ। ਪੰਦਰਾਂ ਕੁ ਮਿੰਟ ਹੋਏ ਉਹ ਇੱਥੇ ਆਏ ਸਨ। ਬੜੀ ਕਾਹਲੀ ਵਿਚ ਸਨ।'' ਮੁੰਡੇ ਨੇ ਪੁੱਛਿਆ, ''ਉਹ ਕਿਸ ਪਾਸੇ ਨੂੰ ਗਏ ਹਨ? ਮੈਂ ਉਨ੍ਹਾਂ ਦਾ ਆਗੂ ਹਾਂ!''

ਉਹ ਮੁੰਡਾ ਉਸ ਲੀਡਰਸ਼ਿਪ ਦਾ ਨਮੂਨਾ ਹੈ ਜਿਸ ਨੂੰ ਅਸੀਂ ਸਭ ਆਮ ਤੌਰ ਤੇ ਵੇਖਦੇ ਹਾਂ ਯਾਨੀ ਅਜਿਹੀ ਲੀਡਰਸ਼ਿਪ ਜਿਸ ਵਿਚ ਰਹਿਨੁਮਾਈ ਅੱਗੇ ਲੱਗ ਕੇ ਨਹੀਂ ਸਗੋਂ ਪਿੱਛੋਂ ਦੀ ਹੋ ਕੇ ਕਰਨ ਦੇ ਬਾਵਜੂਦ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ ਦੇ ਪੈਰੋਕਾਰ ਕਿੱਧਰ ਚਲੇ ਗਏ ਹਨ! ਮਨੁੱਖੀ ਲੀਡਰਸ਼ਿਪ ਦੀ ਮੁਸ਼ਕਿਲ ਇਸ ਦੀਆਂ ਕਮਜ਼ੋਰੀਆਂ ਅਤੇ ਨੁਕਸ ਹਨ। ਮਨੁੱਖੀ ਲੀਡਰਸ਼ਿਪ ਕਦੇ ਨਾ ਕਦੇ ਨਿਰਾਸ਼ ਹੀ ਕਰਦੀ ਹੈ। ਲੋਕ ਤਾਂ ਲੋਕ ਹੀ ਰਹਿਣ ਵਾਲੇ ਨੇ।

ਭਲਾ ਕਲੀਸੀਆ ਵਿਚ ਕਦੇ ਕਦੇ ਕਮਜ਼ੋਰ ਲੀਡਰਸ਼ਿਪ ਹੁੰਦੀ ਹੈ? ਭਲਾ ਸਵਰਗ ਨੂੰ ਜਾਣ ਵਾਲੇ ਜਹਾਜ਼ ਦਾ ਕਪਤਾਨ ਅਜਿਹਾ ਹੈ ਜੋ ਮਨੁੱਖੀ ਕਮਜ਼ੋਰੀਆਂ ਅਤੇ ਨਾਕਾਮੀਆਂ ਦੀ ਜਕੜ ਵਿਚ ਹੈ? ਕਲੀਸੀਆ ਜਿਸ ਨੂੰ ਇਸ ਧਰਤੀ ਤੋਂ ਆਪਣਾ ਸਫ਼ਰ ਸ਼ੁਰੂ ਕਰ ਕੇ ਉਸ ਅਨੰਤ ਕੰਢੇ ਤੇ ਲੱਗਣਾ ਹੈ, ਕੀ ਇਸ ਦੇ ਲੋਕ ਟੁੱਟੇ ਹੋਏ ਕੰਪਾਸ ਦੇ ਆਸਰੇ ਰਹਿਣ?

ਅਜਿਹੀਆਂ ਗੱਲਾਂ ਦਾ ਖ਼ੌਫ਼ ਪ੍ਰਮੇਸ਼ਵਰ ਦੀ ਪ੍ਰੇਰਣਾ ਨਾਲ ਦਿੱਤੇ ਵਚਨ ਘੱਟ ਕਰ ਦਿੰਦੇ ਹਨ, ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਕਲੀਸੀਆ ਦਾ ਸਿਰ ਯਿਸੂ ਮਸੀਹ ਦੇ ਇਲਾਵਾ ਹੋਰ ਕੋਈ ਨਹੀਂ ਹੈ। ਪੌਲੁਸ ਨੇ ਲਿਖਿਆ ਹੈ, ''ਮਸੀਹ ਕਲੀਸੀਆ ਦਾ ਸਿਰ ਹੈ। ਉਹ ਤਾਂ ਆਪ ਦੇਹੀ ਦਾ ਬਚਾਉਣ ਵਾਲਾ ਹੈ'' (ਅਫ਼ਸੀਆਂ 5:23-25)। ਉਹ ਕਲੀਸੀਆ ਦਾ ਸਿਰ ਹੈ ਕਿਉਂਕਿ ਉਸ ਨੇ ਇਸ ਨੂੰ ਪਿਆਰ ਕੀਤਾ ਅਤੇ ਇਸ ਦੇ ਲਈ ਮਰਿਆ। ਯਿਸੂ ਨੂੰ ਆਪਣੇ ਮਹਾਨ ਬਲੀਦਾਨ ਕਾਰਣ ਕਲੀਸੀਆ ਦੀ ਅਗਵਾਈ ਕਰਨ ਦਾ ਹੱਕ ਹੈ। ''ਮਸੀਹ ਵੀ ਕਲੀਸੀਆ ਦਾ ਸਿਰ ਹੈ'' ਵਾਕ ਨੂੰ ਆਪਣੇ ਦਿਲ ਦੀ ਗਹਿਰਾਈ ਵਿਚ ਵੱਸਣ ਦਿਓ। ਕਲੀਸੀਆ ਦੇ ਸਿਰ ਮਸੀਹ ਨੂੰ ਵੇਖ ਕੇ ਉਨ੍ਹਾਂ ਨੂੰ ਜੋ ਮਸੀਹ ਦੀ ਕਲੀਸੀਆ ਦੇ ਲੋਕ ਹਨ, ਦਲੇਰੀ ਮਿਲਦੀ ਹੈ, ਕਿਉਂਕਿ ਇਸ ਨਾਲ ਉਨ੍ਹਾਂ ਨੂੰ ਯਾਦ ਰਹਿੰਦਾ ਹੈ ਕਿ ਉਨ੍ਹਾਂ ਨੂੰ ਮਿਲਣ ਵਾਲੀ ਅਗਵਾਈ ਅਚੂਕ ਹੈ। ਗੈਰ ਮਸੀਹੀਆਂ ਲਈ ਵੀ ਕਲੀਸੀਆ ਵਿਚ ਸ਼ਾਮਲ ਹੋਣ ਦਾ ਇਹ ਕਾਰਣ ਹੋਣਾ ਚਾਹੀਦਾ ਹੈ ਤਾਂ ਜੋ ਓਹ ਵੀ ਮਸੀਹ ਦੀ

ਅਚੂਕ ਅਗਵਾਈ ਦੇ ਅਧੀਨ ਆ ਸਕਣ।

ਆਓ ਮਸੀਹ ਦੇ ਕਲੀਸੀਆ ਦੇ ਸਿਰ ਹੋਣ ਵਾਂਗ ਹੀ ''ਮਸੀਹ, ਕਲੀਸੀਆ ਦਾ ਸਿਰ'' ਦੇ ਵਿਸ਼ੇ ਨੂੰ ਹੋਰ ਪੱਕਿਆਂ ਕਰਨ ਵਾਲੀਆਂ ਗੱਲਾਂ ਦਾ ਚਿੰਤਨ ਕਰੀਏ।

## ਉਹ ਅਧਿਕਾਰ ਵਿਚ ਸਿਰ ਹੈ

ਪਹਿਲਾਂ ਤਾਂ, ਮਸੀਹ ਅਧਿਕਾਰ ਵਿਚ ਕਲੀਸੀਆ ਦਾ ਸਿਰ ਹੈ। ਉਹ ਪ੍ਰਭੂ ਹੈ, ਅਤੇ ਆਪਣੇ ਨੇਮ ਦੇ ਰਾਹੀਂ ਅਗਵਾਈ ਕਰਦਾ ਹੈ।

ਮੁਰਦਿਆਂ ਵਿੱਚੋਂ ਜੀ ਉੱਠਣ ਅਤੇ ਸਵਰਗ ਤੇ ਉਠਾਏ ਜਾਣ ਦੇ ਬਾਅਦ ਮਸੀਹ ਨੂੰ ਸਵਰਗੀ ਥਾਂਵਾਂ ਤੇ ਪ੍ਰਮੇਸ਼ਵਰ ਦੇ ਸੱਜੇ ਹੱਥ ਬਿਠਾਇਆ ਗਿਆ, ''ਉਹ ਹਰੇਕ ਹਕੂਮਤ, ਇਖ਼ਤਿਆਰ, ਕੁਦਰਤ, ਰਿਆਸਤ, ਅਤੇ ਹਰੇਕ ਨਾਉਂ ਦੇ ਉਤਾਹਾਂ ਹੈ ਜੋ ਨਾ ਕੇਵਲ ਇਸ ਯੁੱਗ ਵਿਚ ਸਗੋਂ ਆਉਣ ਵਾਲੇ ਯੁੱਗ ਵਿਚ ਭੀ ਲਈਦਾ ਹੈ'' (ਅਫ਼ਸੀਆਂ 1:21)। ਪ੍ਰਮੇਸ਼ਵਰ ਨੇ ''ਸੱਭੋ ਕੁਝ ਉਸ ਦੇ ਪੈਰਾਂ ਹੇਠ ਕਰ ਦਿੱਤਾ ਅਤੇ ਸਭਨਾਂ ਵਸਤਾਂ ਉੱਤੇ ਸਿਰ ਬਣਨ ਲਈ ਉਸ ਨੂੰ ਕਲੀਸੀਆ ਲਈ ਦੇ ਦਿੱਤਾ। ਇਹ ਉਸ ਦੀ ਦੇਹ ਹੈ ...'' (ਅਫ਼ਸੀਆਂ 1:22, 23)। ਪੌਲੁਸ ਨੇ ਕੁਲੁੱਸੀਆਂ ਦੀ ਪੱਤਰੀ ਵਿਚ ਇਸੇ ਸੱਚਾਈ ਤੇ ਜ਼ੋਰ ਦਿੱਤਾ, ਜਦ ਉਹਨੇ ਕਿਹਾ, ''ਉਹ ਦੇਹੀ ਦਾ ਅਰਥਾਤ ਕਲੀਸੀਆ ਦਾ ਸਿਰ ਹੈ, ਉਹੋ ਆਦਿ ਹੈ ਅਤੇ ਮੁਰਦਿਆਂ ਵਿੱਚੋਂ ਜੇਠਾ ਹੈ ਭਈ ਉਹ ਸਭਨਾਂ ਗੱਲਾਂ ਵਿਚ ਪ੍ਰਧਾਨ ਹੋਵੇ। ਕਿਉਂ ਜੋ ਪਿਤਾ ਨੂੰ ਇਹ ਭਾਇਆ ਜੋ ਸਾਰੀ ਸੰਪੂਰਨਤਾਈ ਉਸ ਵਿਚ ਵੱਸੇ'' (ਕੁਲੁੱਸੀਆਂ 1:18, 19)। ਇਬਰਾਨੀਆਂ ਦੇ ਲੇਖਕ ਦੇ ਮੁਤਾਬਕ, ਆਖਰੀ ਦਿਨਾਂ ਵਿਚ ਜਾਂ ਮਸੀਹੀ ਯੁੱਗ ਵਿਚ ਪ੍ਰਮੇਸ਼ਵਰ ਸਾਡੇ ਨਾਲ ਆਪਣੇ ਪੁੱਤਰ ਦੇ ਰਾਹੀਂ ਗੱਲ ਕਰੇਗਾ (ਇਬਰਾਨੀਆਂ 1:1, 2)। ਉਹਨੇ ਯਿਸੂ ਨੂੰ ਐਨੀ ਵਡਿਆਈ ਦਿੱਤੀ ਹੈ ਅਤੇ ਉਸ ਨੂੰ ਉਹ ਨਾਂਅ ਦਿੱਤਾ ਗਿਆ ਹੈ ਜਿਹੜਾ ਸਭ ਨਾਂਵਾਂ ਤੋਂ ਉੱਚਾ ਹੈ, ''ਭਈ ਯਿਸੂ ਦਾ ਨਾਮ ਲੈ ਕੇ ਅਕਾਸ਼ ਉਤਲਿਆਂ ਅਤੇ ਧਰਤੀ ਉਤਲਿਆਂ ਅਤੇ ਧਰਤੀ ਦੇ ਹੇਠਲਿਆਂ ਵਿੱਚੋਂ ਹਰ ਗੋਡਾ ਨਿਵਾਇਆ ਜਾਵੇ। ਅਤੇ ਹਰ ਜ਼ਬਾਨ ... ਮੰਨ ਲਵੇ ਜੋ ਯਿਸੂ ਮਸੀਹ ਪ੍ਰਭੂ ਹੈ!'' (ਫ਼ਿਲਿੱਪੀਆਂ 2:10, 11)। ਬਾਈਬਲ ਸਾਨੂੰ ਯਕੀਨ ਦੁਆਉਂਦੀ ਹੈ ਕਿ ਮਸੀਹ ਕਲੀਸੀਆ ਦੇ ਸਿਰ ਜਾਂ ਰਾਜ ਦੇ ਰਾਜੇ ਦੇ ਰੂਪ ਵਿਚ ਅਖ਼ੀਰ ਸਮੇਂ ਤਕ ਰਾਜ ਕਰੇਗਾ ਅਤੇ, ਫਿਰ, ਜਦ ਸਾਰਾ ਅਧਿਕਾਰ, ਇਖ਼ਤਿਆਰ ਅਤੇ ਸਮਰੱਥਾ ਦਾ ਖ਼ਾਤਮਾ ਹੋ ਜਾਵੇਗਾ, ਤਾਂ ਉਹ ਰਾਜ ਨੂੰ ਪ੍ਰਮੇਸ਼ਵਰ ਪਿਤਾ ਦੇ ਹੱਥ ਸੌਂਪ ਦੇਵੇਗਾ (1 ਕੁਰਿੰਥੀਆਂ 15:23, 24)।

ਯਿਸੂ ਦੀ ਕਲੀਸੀਆ ਉਹਦੇ ਅਧਿਕਾਰ ਅਤੇ ਅਗਵਾਈ ਹੇਠ ਰਹਿੰਦੀ ਹੈ। ''ਮੈਂ'' ਤੇ ਅਧਾਰਤ ਯੁੱਗ ਵਿਚ, ਮਸੀਹ ਦੀ ਕਲੀਸੀਆ ਵਿਚ ਲੋਕ ਆਪਣੇ ਤਰੀਕੇ ਦੀ ਮੰਗ ਨਹੀਂ ਕਰ ਸਕਦੇ। ''ਪਹਿਲਾਂ ਮੈਂ'' ਕਹਿ ਕੇ ਉਹ ਯਿਸੂ ਨੂੰ ਪ੍ਰਭੂ ਨਹੀਂ ਕਹਿ ਸਕਦੇ। ਮਸੀਹੀ ਵਿਅਕਤੀ ਦਾ ਹਰ ਫ਼ੈਸਲਾ ਰੂਹਾਨੀ ਹੁੰਦਾ ਹੈ ਜਿਹੜਾ ਆਪਣੇ ਪ੍ਰਭੂ ਦੇ ਹੁਕਮ ਵਿਚ ਹੁੰਦਾ ਹੈ।

## ਉਹ ਨਮੂਨਾ ਦੇਣ ਵਿਚ ਸਿਰ ਹੈ

ਦੂਸਰਾ, ਮਸੀਹ ਨਮੂਨੇ ਵਿਚ ਕਲੀਸੀਆ ਦਾ ਸਿਰ ਹੈ। ਉਹ ਪ੍ਰਮੇਸ਼ਵਰ ਦਾ ਹੁਕਮ ਮੰਨਣ ਵਿਚ ਸਹੀ ਆਦਰਸ਼ ਹੈ। ਉਹ ਆਪਣੀ ਪਾਪ ਰਹਿਤ ਜ਼ਿੰਦਗੀ ਰਾਹੀਂ ਅਗਵਾਈ ਕਰਦਾ ਹੈ।

ਪਤਰਸ ਨੇ ਕਿਹਾ ਕਿ ਮਸੀਹ ਨੇ ਕੋਈ ਪਾਪ ਨਹੀਂ ਕੀਤਾ ਸੀ, ਅਤੇ ਨਾ ਉਹਦੇ ਮੂੰਹ ਵਿੱਚੋਂ ਕੋਈ ਵਲ਼-ਛਲ ਦੀ ਗੱਲ ਨਿਕਲੀ ਸੀ। ਜਦ ਉਹਨੂੰ ਗਾਲ ਕੱਢੀ ਜਾਂਦੀ, ਤਾਂ ਉਹ ਗਾਲ ਦਾ

ਜਵਾਬ ਗਾਲ ਨਾਲ ਨਹੀਂ ਦਿੰਦਾ ਸੀ। ਦੁੱਖ ਝੱਲ ਕੇ ਉਹ ਕਿਸੇ ਨੂੰ ਧਮਕੀ ਨਹੀਂ ਦਿੰਦਾ ਸੀ (1 ਪਤਰਸ 2:21-23)।

ਯਿਸੂ ਨੇ ਕਦੇ ਕੋਈ ਅਜਿਹੀ ਗਲਤੀ ਨਹੀਂ ਕੀਤੀ ਜਿਹਦੇ ਲਈ ਉਹਨੂੰ ਮਾਫ਼ੀ ਮੰਗਣ ਦੀ ਲੋੜ ਪੈਂਦੀ। ਨਾ ਉਹਨੂੰ ਕਦੇ ਕਿਸੇ ਨਾਲ ਮੰਦਾ ਬੋਲਣ ਤੇ ਆਪਣੀ ਗੱਲ ਵਾਪਸ ਲੈਣ ਦੀ ਲੋੜ ਹੀ ਪਈ। ਉਹਦੇ ਮਨ ਵਿਚ ਕਦੇ ਕੋਈ ਬੁਰਾ ਵਿਚਾਰ ਨਹੀਂ ਆਇਆ। ਉਹਦੇ ਦੁਸ਼ਮਣ ਉਹਦੇ ਤੇ ਨਜ਼ਰ ਰੱਖਦੇ ਸਨ ਪਰ ਉਨ੍ਹਾਂ ਨੂੰ ਉਸ ਵਿਚ ਕਦੇ ਕੋਈ ਬੁਰਾਈ ਨਹੀਂ ਲੱਭੀ।

ਉਹ ਸਾਡੀ ਜ਼ਿੰਦਗੀ ਵੀ ਇਹੋ ਜਿਹੀ ਹੀ ਚਾਹੁੰਦਾ ਹੈ-ਸੱਚੀ, ਨਿਰੋਲ ਅਤੇ ਇੱਜ਼ਤਦਾਰ (ਫ਼ਿੱਲਿਪੀਆਂ 4:8)। ਯਾਕੂਬ ਨੇ ਲਿਖਿਆ ਹੈ, ''... ਪ੍ਰਮੇਸ਼ਵਰ ਬਦੀਆਂ ਤੋਂ ਪਰਤਾਇਆ ਨਹੀਂ ਜਾਂਦਾ ਹੈ ਅਤੇ ਨਾ ਉਹ ਆਪ ਕਿਸੇ ਨੂੰ ਪਰਤਾਉਂਦਾ ਹੈ। ਪਰ ਹਰ ਕੋਈ ਤਦੇ ਪਰਤਾਇਆ ਜਾਂਦਾ ਹੈ ਜਦੋਂ ਆਪਣੀ ਹੀ ਕਾਮਨਾ ਨਾਲ ਲੁਭਾਇਆ ਅਤੇ ਭੁਚਲਾਇਆ ਜਾਂਦਾ ਹੈ'' (ਯਾਕੂਬ 1:13, 14)। ਸਾਡਾ ਵਿਰੋਧੀ ਮਸੀਹ ਨਹੀਂ, ਸਗੋਂ ਸ਼ੈਤਾਨ ਹੈ ਜਿਹਨੂੰ ਮੱਤੀ 4:3 ਵਿਚ ''ਪਰਤਾਉਣ ਵਾਲਾ'' ਕਿਹਾ ਗਿਆ ਹੈ। ਉਹ ਬੁੱਕਦੇ ਸ਼ੀਂਹ ਵਾਂਗ ਭਾਲਦਾ ਹੈ ਕਿ ਕਿਹਨੂੰ ਪਾੜ ਖਾਵੇ (1 ਪਤਰਸ 5:8)। ਉਹ ਸਾਡੀਆਂ ਕਮਜ਼ੋਰੀਆਂ ਦਾ ਫ਼ਾਇਦਾ ਚੁੱਕਣ ਲਈ ਤਿਆਰ ਰਹਿੰਦਾ ਹੈ।

ਮਸੀਹ ਵੀ ਸਾਡੀਆਂ ਕਮਜ਼ੋਰੀਆਂ ਨੂੰ ਜਾਣਦਾ ਹੈ; ਕਿਉਂਕਿ ਉਹ ਜਾਣਦਾ ਹੈ ਕਿ ਸਾਨੂੰ ਕਿਹੋ ਜਿਹੀਆਂ ਅਜ਼ਮਾਇਸ਼ਾਂ ਵਿੱਚੋਂ ਲੰਘਣਾ ਪੈਂਦਾ ਹੈ। ਸੰਘਰਸ਼ਾਂ ਨੂੰ ਸਮਝਦਾ ਹੈ। ਉਹਨੂੰ ਵੀ ਉਸ ਪਰਤਾਉਣ ਵਾਲੇ ਦਾ ਸਾਹਮਣਾ ਕਰਨਾ ਪਿਆ ਸੀ, ਪਰ ਉਹਨੇ ਪਾਪ ਨਹੀਂ ਕੀਤਾ (ਇਬਰਾਨੀਆਂ 4:15)। ਉਹ ਸਾਨੂੰ ਅਜ਼ਮਾਇਸ਼ ਵਿਚ ਨਹੀਂ ਪਾਉਂਦਾ ਸਗੋਂ ਪਾਪ ਤੋਂ ਬਚਣ ਲਈ, ਉਨ੍ਹਾਂ ਅਜ਼ਮਾਇਸ਼ਾਂ ਚੋਂ ਕੱਢਦੇ ਹੋਏ ਜਿਨ੍ਹਾਂ ਨੂੰ ਅਸੀਂ ਝੱਲ ਨਹੀਂ ਸਕਦੇ, ਰਸਤਾ ਵੀ ਕੱਢ ਦਿੰਦਾ ਹੈ (1 ਕੁਰਿੰਥੀਆਂ 10:13)।

ਸੰਪੂਰਣ ਇਖ਼ਤਿਆਰ ਵਾਲਾ ਹੋਣ ਵਾਂਗ ਹੀ ਕਲੀਸੀਆ ਦਾ ਸਿਰ ਸੁਭਾਅ ਵਿਚ ਵੀ ਪੂਰਣ ਹੈ। ਉਹਦੀ ਕਲੀਸੀਆ ਲਈ ਜ਼ਰੂਰੀ ਹੈ ਕਿ ਉਹ ਉਹਦੇ ਹੁਕਮਾਂ ਨੂੰ ਮੰਨੇ ਅਤੇ ਉਹਦੀ ਜ਼ਿੰਦਗੀ ਦੀ ਨਕਲ ਕਰੇ। 1 ਯੂਹੰਨਾ 2:6 ਕਹਿੰਦਾ ਹੈ, ''ਉਹ ਜਿਹੜਾ ਆਖਦਾ ਹੈ ਭਈ ਮੈਂ ਉਸ ਵਿਚ ਕਾਇਮ ਰਹਿੰਦਾ ਹਾਂ ਤਾਂ ਚਾਹੀਦਾ ਹੈ ਭਈ ਜਿਵੇਂ ਉਹ ਚੱਲਦਾ ਸੀ ਤਿਵੇਂ ਉਹ ਆਪ ਵੀ ਚੱਲੇ।'' ਕਲੀਸੀਆ ਦੀ ਉਸ ਵਿਲੱਖਣ ਅਗਵਾਈ ਕਾਰਣ ਜਿਹੜੀ ਯਿਸੂ ਦਿੰਦਾ ਹੈ ਪੌਲੁਸ ਦੂਸਰਿਆਂ ਨੂੰ ਹੁਕਮ ਦੇ ਸਕਿਆ ਸੀ: ''ਤੁਸੀਂ ਮੇਰੀ ਰੀਸ ਕਰੋ ਜਿਵੇਂ ਮੈਂ ਵੀ ਮਸੀਹ ਦੀ ਰੀਸ ਕਰਦਾ ਹਾਂ'' (1 ਕੁਰਿੰਥੀਆਂ 10:33)।

ਇਕ ਪੱਖੋਂ, ਮਸੀਹ ਸਾਡਾ ਸੰਪੂਰਣ ਮੁਕਤੀਦਾਤਾ *ਬਣਿਆ*। ਪ੍ਰਮੇਸ਼ਵਰ ਦੇ ਸਾਹਮਣੇ ਸੰਪੂਰਣ ਜੀਵਨ ਗੁਜ਼ਾਰ ਕੇ, ਉਹ ਸਾਡਾ ਮੁਕਤੀਦਾਤਾ ਹੋਣ ਲਈ ਪੂਰੀ ਤਰ੍ਹਾਂ ਨਾਲ ਕਾਬਲ ਬਣਿਆ ਅਤੇ ਪਾਪ ਦੇ ਪ੍ਰਾਸ਼ਚਿਤ (ਕੀਮਤ) ਦੇਣ ਲਈ ਪ੍ਰਮੇਸ਼ਵਰ ਦੇ ਸਾਹਮਣੇ ਪਾਪ ਰਹਿਤ ਜੀਵਨ ਕੁਰਬਾਨ ਕਰ ਸਕਿਆ। ਇਬਰਾਨੀਆਂ ਦੇ ਲੇਖਕ ਨੇ ਕਿਹਾ ਹੈ, ''ਉਹ ਭਾਵੇਂ ਪੁੱਤਰ ਸੀ ਪਰ ਜਿਹੜੇ ਉਹ ਨੇ ਦੁੱਖ ਭੋਗੇ ਉਨ੍ਹਾਂ ਤੋਂ ਆਗਿਆਕਾਰੀ ਸਿੱਖੀ ਅਤੇ ਉਹ ਸਿੱਧ ਹੋ ਕੇ ਉਨ੍ਹਾਂ ਸਭਨਾਂ ਦੀ ਜਿਹੜੇ ਉਹ ਦੇ ਆਗਿਆਕਾਰ ਹਨ ਸਦਾ ਦੀ ਗਤੀ ਦਾ ਕਾਰਨ ਹੋਇਆ'' (ਇਬਰਾਨੀਆਂ 5:8, 9)।

ਨਥਾਨੀਏਲ ਹਾਅਥੋਰਨ ਨੇ ''ਦ ਗ੍ਰੇਟ ਸਟੋਨ ਫ਼ੇਸ'' ਨਾਮਕ ਕਹਾਣੀ ਲਿਖੀ ਹੈ ਜਿਸ ਤੋਂ ਸਾਨੂੰ ਧਿਆਨ ਆਉਂਦਾ ਹੈ ਕਿ ਅਸੀਂ ਉਹੀ ਬਣ ਜਾਂਦੇ ਹਾਂ ਜੋ ਵੇਖਦੇ ਰਹਿੰਦੇ ਹਾਂ; ਅਸੀਂ ਜਿਸ ਦੀ ਤਾਰੀਫ਼ ਕਰਦੇ ਹਾਂ ਉਹਦੀ ਨਕਲ ਕਰਨ ਲੱਗ ਪੈਂਦੇ ਹਾਂ। ਪਹਾੜ ਨੂੰ ਇਕ ਪਾਸਿਓਂ ਤਰਾਸ਼

ਕੇ ਇਕ ਦਿਲਕਸ਼ ਚਿਹਰਾ ਬਣਾਇਆ ਗਿਆ, ਜੋ ਘਾਟੀ ਹੇਠਾਂ ਵੱਸਦੇ ਇਕ ਪਿੰਡ ਤੋਂ ਜਿੱਥੇ ਦੱਬੇ ਕੁਚਲੇ ਲੋਕ ਰਹਿੰਦੇ ਸਨ, ਨਜ਼ਰ ਆਉਂਦਾ ਸੀ। ਉੱਥੇ ਰਹਿਣ ਵਾਲਿਆਂ ਦਾ ਯਕੀਨ ਸੀ ਕਿ ਇਕ ਦਿਨ ਉਸ ਵਿਸ਼ਾਲ ਪੱਥਰ ਦੇ ਚਿਹਰੇ ਵਰਗਾ ਕੋਈ ਮਨੁੱਖ ਉਨ੍ਹਾਂ ਨੂੰ ਛੁਡਾਉਣ ਵਾਲਾ ਬਣ ਕੇ ਆਵੇਗਾ। ਉਸ ਪਿੰਡ ਦਾ ਇਕ ਮੁੰਡਾ ਪੱਥਰ ਦੇ ਉਸ ਚਿਹਰੇ ਨੂੰ ਤੱਕਦਾ ਰਹਿੰਦਾ ਸੀ। ਪੱਥਰ ਦੇ ਚਿਹਰੇ ਨੂੰ ਵੇਖਦੇ ਅਤੇ ਨਿਹਾਰਦੇ ਨਿਹਾਰਦੇ, ਵਕਤ ਬੀਤਣ ਤੇ ਉਹ ਜਵਾਨ ਉਸ ਚਿਹਰੇ ਵਰਗਾ ਹੋ ਗਿਆ ਅਤੇ ਲੋਕਾਂ ਨੇ ਛੇਤੀ ਹੀ ਉਹਨੂੰ ਆਪਣੇ ਛੁਡਾਉਣ ਵਾਲੇ ਦੇ ਰੂਪ ਵਿਚ ਕਬੂਲ ਕਰ ਲਿਆ।

ਇਹ ਸੱਚਾਈ ਕਿ ਜਿਸ ਨੂੰ ਅਸੀਂ ਵੇਖਦੇ ਹਾਂ ਉਹਦੇ ਵਰਗੇ ਹੀ ਬਣ ਜਾਂਦੇ ਹਾਂ, ਖ਼ਾਸ ਕਰਕੇ ਕਲੀਸੀਆ ਲਈ ਸੱਚ ਹੈ। ਪੌਲੁਸ ਨੇ ਕਿਹਾ, ''ਪਰ ਅਸੀਂ ਸਭ ਅਣਕੱਜੇ ਮੁੱਖ ਨਾਲ ਪ੍ਰਭੂ ਦੇ ਤੇਜ ਦਾ ਮੰਨੋ ਸ਼ੀਸ਼ੇ ਵਿਚ ਪ੍ਰਤਿਬਿੰਬ ਵੇਖਦੇ ਹੋਏ ਤੇਜ ਤੋਂ ਤੇਜ ਤੀਕ ਜਿਵੇਂ ਪ੍ਰਭੂ ਅਰਥਾਤ ਉਸ ਆਤਮਾ ਤੋਂ ਓਸੇ ਰੂਪ ਵਿਚ ਬਦਲਦੇ ਜਾਂਦੇ ਹਾਂ'' (2 ਕੁਰਿੰਥੀਆਂ 3:18)।

ਮਸੀਹ ਦੀ ਕਲੀਸੀਆ ਜੀਣ ਲਈ ਉਸ ਦੀ ਜ਼ਿੰਦਗੀ ਨੂੰ ਅਦਰਸ਼ ਦੇ ਰੂਪ ਵਿਚ ਵੇਖਦੀ ਹੈ। ਉਹ ਨਮੂਨੇ ਵਿਚ ਸਾਡਾ ਸਿਰ ਹੈ। ਇਹਦੇ ਲੋਕ ਸਿਰਫ਼ ਉਹਦੇ ਵੱਲ ਵੇਖਦੇ ਹੀ ਨਹੀਂ ਸਗੋਂ ਉਹਦੇ ਆਪਣੀਆਂ ਪੂਰੀਆਂ ਜ਼ਿੰਦਗੀਆਂ ਰਾਹੀਂ ਕਲੀਸੀਆ ਦੀ ਅਗਵਾਈ ਕਰਦਿਆਂ ਉਹਦੇ ਵੱਲ ਤੱਕਦੇ ਹਨ (ਇਬਰਾਨੀਆਂ 12:2)।

## ਉਹ ਪਿਆਰ ਵਿਚ ਸਿਰ ਹੈ

ਤੀਸਰਾ, ਮਸੀਹ ਪਿਆਰ ਵਿਚ ਕਲੀਸੀਆ ਦਾ ਸਿਰ ਹੈ। ਉਹ ਆਪਣੇ ਜ਼ਬਰਦਸਤ ਪਿਆਰ ਨਾਲ ਆਪਣੇ ਲੋਕਾਂ ਦੀ ਅਗਵਾਈ ਕਰਦਾ ਅਤੇ ਹੁਕਮ ਦਿੰਦਾ ਹੈ।

ਆਪਣੀ ਮੌਤ ਤੋਂ ਪਹਿਲਾਂ ਵਾਲੀ ਸ਼ਾਮ, ਯਿਸੂ ਨੇ ਆਪਣੇ ਚੇਲਿਆਂ ਨੂੰ ਦੱਸਿਆ ਸੀ, ''ਮੈਂ ਤੁਹਾਨੂੰ ਨਵਾਂ ਹੁਕਮ ਦਿੰਦਾ ਹਾਂ ਕਿ ਇਕ ਦੂਏ ਨੂੰ ਪਿਆਰ ਕਰੋ ਅਰਥਾਤ *ਜਿਵੇਂ ਮੈਂ ਤੁਹਾਨੂੰ ਪਿਆਰ ਕੀਤਾ* ਤਿਵੇਂ ਤੁਸੀਂ ਇਕ ਦੂਏ ਨੂੰ ਪਿਆਰ ਕਰੋ। ਜੇ ਤੁਸੀਂ ਆਪੋ ਵਿਚ ਪ੍ਰੇਮ ਰੱਖੋ ਤਾਂ ਇਸੇ ਤੋਂ ਸਭ ਜਾਣਨਗੇ ਭਈ ਤੁਸੀਂ ਮੇਰੇ ਚੇਲੇ ਹੋ'' (ਯੂਹੰਨਾ 13:34, 35)। ਉਹਨੇ ਉਨ੍ਹਾਂ ਨੂੰ ਹੋਰ ਦੱਸਿਆ, ''ਮੇਰਾ ਹੁਕਮ ਇਹ ਹੈ ਭਈ ਤੁਸੀਂ ਇਕ ਦੂਏ ਨਾਲ ਪਿਆਰ ਕਰੋ *ਜਿਵੇਂ ਮੈਂ ਤੁਹਾਡੇ ਨਾਲ ਪਿਆਰ ਕੀਤਾ*'' (ਯੂਹੰਨਾ 15:12)।

ਇਹੀ ਪਿਆਰ ਜਿਹੜਾ ਮਸੀਹ ਆਪਣੇ ਲੋਕਾਂ ਲਈ ਵਿਖਾਉਂਦਾ ਹੈ ਤਿੰਨ ਤਰ੍ਹਾਂ ਨਾਲ ਉਹਦੇ ਪੈਰੋਕਾਰਾਂ ਦੀ ਰਹਿਨੁਮਾਈ ਕਰਦਾ ਹੈ। ਪਹਿਲਾ, ਇਹਦੇ ਕਰਕੇ ਉਹ *ਉਹਦੇ ਨਾਲ ਪਿਆਰ ਕਰਦੇ* ਹਨ। ਯੂਹੰਨਾ ਨੇ ਕਿਹਾ ਹੈ, ''ਅਸੀਂ ਪ੍ਰੇਮ ਕਰਦੇ ਹਾਂ ਇਸ ਲਈ ਜੋ ਪਹਿਲਾਂ ਉਹਨੇ ਸਾਡੇ ਨਾਲ ਪ੍ਰੇਮ ਕੀਤਾ'' (1 ਯੂਹੰਨਾ 4:19)। ਦੂਸਰਾ, ਉਹਦੇ ਪਿਆਰ ਕਰਨ ਕਰਕੇ ਮਸੀਹੀ ਲੋਕ *ਇਕ ਦੂਸਰੇ ਨਾਲ ਪਿਆਰ ਕਰਦੇ* ਹਨ। ਯੂਹੰਨਾ ਨੇ ਲਿਖਿਆ ਹੈ, ''ਇਸ ਤੋਂ ਅਸਾਂ ਪ੍ਰੇਮ ਨੂੰ ਜਾਤਾ ਭਈ ਉਹ ਨੇ ਸਾਡੇ ਲਈ ਆਪਣੀ ਜਾਨ ਦੇ ਦਿੱਤੀ ਅਤੇ ਚਾਹੀਦਾ ਹੈ ਜੋ ਅਸੀਂ ਭਰਾਵਾਂ ਲਈ ਆਪਣੀਆਂ ਜਾਨਾਂ ਦੇਈਏ'' (1 ਯੂਹੰਨਾ 3:16)। ਤੀਸਰਾ, ਉਹਦੇ ਪਿਆਰ ਦੇ ਕਾਰਣ ਉਹਦੇ ਲੋਕ ਉਹਦੀ *ਇੱਛਾ ਨੂੰ ਪੂਰਾ ਕਰਦੇ ਹਨ।* ਮਸੀਹ ਨੇ ਕਿਹਾ, ''ਜੇ ਤੁਸੀਂ ਮੈਨੂੰ ਪਿਆਰ ਕਰਦੇ ਹੋ ਤਾਂ ਮੇਰੇ ਹੁਕਮਾਂ ਦੀ ਪਾਲਣਾ ਕਰੋਗੇ'' (ਯੂਹੰਨਾ 14:15)।

ਧਰਤੀ ਤੇ ਮਸੀਹ ਦੀ ਸੇਵਕਾਈ ਨੂੰ ਵੇਖ ਕੇ ਫ਼ਰਿਸ਼ਤੇ ਜ਼ਰੂਰ ਭੈਭੀਤ ਹੁੰਦੇ ਹੋਣਗੇ। ਸਲੀਬ ਉੱਤੇ ਆਪਣੀ ਮੌਤ ਤੋਂ ਇਕ ਦਿਨ ਪਹਿਲਾਂ ਉਹਨੇ ਬਰਤਨ ਅਤੇ ਤੌਲੀਆ ਲਿਆ ਅਤੇ

ਪਿਆਰ ਅਤੇ ਹਲੀਮੀ ਨਾਲ ਆਪਣੇ ਚੇਲਿਆਂ ਦੇ ਪੈਰ ਧੋਤੇ! ਰਾਜਿਆਂ ਦਾ ਰਾਜਾ ਪਿਆਰ ਭਰੀ ਸੇਵਾ ਵਿਚ ਆਪਣੇ ਚੇਲਿਆਂ ਦੇ ਸਾਹਮਣੇ ਝੁਕ ਗਿਆ। ਮਸੀਹ ਮਨੁੱਖ ਤਾਂ ਬਣਿਆ ਹੀ ਸੀ। ਮਨੁੱਖਾਂ ਦਾ ਦਾਸ ਵੀ ਬਣ ਗਿਆ। ਉਹ ਮਨੁੱਖ ਦੇ ਰੂਪ ਵਿਚ ਆਇਆ ਅਤੇ ਇਕ ਦਾਸ ਬਣ ਕੇ ਰਿਹਾ (ਫ਼ਿਲਿੱਪੀਆਂ 2:7)।

ਯੂਹੰਨਾ ਨੇ ਇਸ ਖ਼ਾਸ ਨਜ਼ਾਰੇ ਨੂੰ ਇਨ੍ਹਾਂ ਸ਼ਬਦਾਂ ਵਿਚ ਬਿਆਨ ਕੀਤਾ ਹੈ: ''ਤਦ ਯਿਸੂ ਇਹ ਜਾਣ ਕੇ ਭਈ ਪਿਤਾ ਨੇ ਸੱਭੋ ਕੁਝ ਮੇਰੇ ਹੱਥ ਵਿਚ ਸੌਂਪਿਆ ਹੈ ਅਤੇ ਮੈਂ ਪ੍ਰਮੇਸ਼ਵਰ ਦੇ ਕੋਲੋਂ ਆਇਆ ਹਾਂ ਅਤੇ ਪ੍ਰਮੇਸ਼ਵਰ ਦੇ ਕੋਲ ਜਾਂਦਾ ਹਾਂ'' (ਯੂਹੰਨਾ 13:3)। ਯਾਨੀ, ਉਸ ਸਮੇਂ ਜਦ ਮਸੀਹ ਆਪਣੇ ਇਖ਼ਤਿਆਰ, ਅਹੁਦੇ ਦੇ ਰੂਪ ਵਿਚ ਅਤੇ ਭਵਿੱਖ ਬਾਰੇ ਸਚੇਤ ਸੀ, ਉਹਨੇ ਇਕ ਦਾਸ ਵਾਂਗ ਰਹਿ ਕੇ ਦਾਸ ਦਾ ਕੰਮ ਕਰਨ ਲਈ ਆਪਣੇ ਆਪ ਨੂੰ ਹਲੀਮ ਕੀਤਾ। ਉਹਨੇ ਆਪਣੀ ਪ੍ਰਭੂਤਾ ਅਤੇ ਤਾਕਤ, ਆਪਣੀ ਸ਼ਕਤੀ ਅਤੇ ਅਹੁਦੇ ਦਾ ਮੁਜ਼ਾਹਰਾ ਨਹੀਂ ਕੀਤਾ। ਉਹਨੇ ਆਪਣੇ ਚੇਲਿਆਂ ਨੂੰ ਦੀਨਤਾ ਦੀ ਸਿੱਖਿਆ ਦੇਣ ਵਾਸਤੇ ਪਿਆਰ ਦੀ ਖ਼ਾਤਰ ਇਹ ਕੀਤਾ।

ਕਲੀਸੀਆ ਦਾ ਸਿਰ ਹੋਣ ਦੇ ਨਾਤੇ, ਉਹ ਪਿਆਰ ਨਾਲ ਆਪਣੇ ਸ਼ਕਤੀ ਅਤੇ ਅਧਿਕਾਰ ਨਾਲ ਇਹਦੀ ਸੇਵਾ ਕਰਦਾ ਹੈ। ਚੇਲਿਆਂ ਦੇ ਪੈਰ ਧੋਣ ਸਮੇਂ ਉਹਨੇ ਪ੍ਰਭੂ ਹੋਣ ਦੇ ਆਪਣੇ ਅਹੁਦੇ ਨੂੰ ਛੱਡਿਆ ਨਹੀਂ; ਉਹਨੇ ਉਨ੍ਹਾਂ ਦੀ ਸੇਵਾ ਕਰਨ ਅਤੇ ਉਨ੍ਹਾਂ ਵਿਚ ਸੇਵਾ ਵਾਲਾ ਮਨ ਪਾਉਣ ਲਈ ਪ੍ਰਭੂ ਹੋਣ ਦੇ ਆਪਣੇ ਅਹੁਦੇ ਨੂੰ ਹੀ ਵਰਤਿਆ। ਉਹਨੇ ਉਨ੍ਹਾਂ ਨੂੰ ਕਿਹਾ, ''ਤੁਸੀਂ ਮੈਨੂੰ ਗੁਰੂ ਅਤੇ ਪ੍ਰਭੂ ਕਰਕੇ ਬੁਲਾਉਂਦੇ ਹੋ ਅਰ ਠੀਕ ਆਖਦੇ ਹੋ ਕਿਉਂ ਜੋ ਮੈਂ ਹਾਂ। ਸੋ ਜੇ ਮੈਂ ਗੁਰੂ ਅਤੇ ਪ੍ਰਭੂ ਹੋ ਕੇ ਤੁਹਾਡੇ ਪੈਰ ਧੋਤੇ ਤਾਂ ਚਾਹੀਦਾ ਹੈ ਜੋ ਤੁਸੀਂ ਭੀ ਇਕ ਦੂਏ ਦੇ ਪੈਰ ਧੋਵੋ। ਇਸ ਲਈ ਜੋ ਮੈਂ ਤੁਹਾਨੂੰ ਇਕ ਨਮੂਨਾ ਦੇ ਛੱਡਿਆ ਹੈ ਤਾਂ ਜੋ ਜਿਵੇਂ ਮੈਂ ਤੁਹਾਡੇ ਨਾਲ ਕੀਤਾ ਤੁਸੀਂ ਭੀ ਤਿਵੇਂ ਹੀ ਕਰੋ'' (ਯੂਹੰਨਾ 13:13-15)।

ਯਿਸੂ ਨੇ ਬੜੇ ਹੀ ਸਹਿਜ ਢੰਗ ਨਾਲ ਵਿਖਾਇਆ ਕਿ ਪਿਆਰ ਕੀ ਹੈ ਅਤੇ ਸੱਚਾ ਪਿਆਰ ਕਿਵੇਂ ਵਿਖਾਇਆ ਜਾਂਦਾ ਹੈ। ਉਹ ਆਪਣੇ ਪਿਆਰ ਨਾਲ ਕਲੀਸੀਆ ਦੀ ਰਹਿਨੁਮਾਈ ਕਰਦਾ ਹੈ। ਜਦ ਮਸੀਹੀ ਲੋਕ ਉਹਦੇ ਪਿਆਰ ਦੇ ਮਹੌਲ ਵਿਚ ਰਹਿੰਦੇ ਹਨ, ਸਾਹ ਲੈਂਦੇ ਹਨ, ਉਹਦੀ ਗੱਲ ਮੰਨਦੇ ਹਨ ਤਾਂ ਉਨ੍ਹਾਂ ਨੂੰ ਉਹਦੇ ਸਰੂਪ ਤੇ ਫੇਰ ਬਣਾਇਆ ਜਾਂਦਾ ਹੈ। ਯੂਹੰਨਾ ਨੇ ਕਿਹਾ ਹੈ, ''ਹੇ ਪਿਆਰਿਓ, ਆਓ ਅਸੀਂ ਇਕ ਦੂਏ ਨਾਲ ਪ੍ਰੇਮ ਰੱਖੀਏ, ਕਿਉਂ ਜੋ ਪ੍ਰੇਮ ਪ੍ਰਮੇਸ਼ਵਰ ਤੋਂ ਹੈ ਅਤੇ ਹਰੇਕ ਜਿਹੜਾ ਪ੍ਰੇਮ ਕਰਦਾ ਹੈ ਉਹ ਪ੍ਰਮੇਸ਼ਵਰ ਤੋਂ ਜੰਮਿਆ ਹੋਇਆ ਹੈ ਅਤੇ ਪ੍ਰਮੇਸ਼ਵਰ ਨੂੰ ਜਾਣਦਾ ਹੈ। ਜਿਹੜਾ ਪ੍ਰੇਮ ਨਹੀ ਕਰਦਾ ਉਹ ਪ੍ਰਮੇਸ਼ਵਰ ਨੂੰ ਨਹੀਂ ਜਾਣਦਾ ਕਿਉਂ ਜੋ ਪ੍ਰਮੇਸ਼ਵਰ ਪ੍ਰੇਮ ਹੈ'' (1 ਯੂਹੰਨਾ 4:7, 8)।

## ਸਾਰ

ਸੱਚਮੁੱਚ ਅਧਿਕਾਰ ਵਿਚ, ਨਮੂਨੇ ਵਿਚ ਅਤੇ ਪਿਆਰ ਅਤੇ ਸੇਵਾ ਵਿਚ ਮਸੀਹ ਕਲੀਸੀਆ ਦਾ ਸਿਰ ਹੈ। ਉਹ ਆਪਣੀ ਪ੍ਰਭੂਤਾ ਦੇ ਰਾਹੀਂ, ਆਪਣੀ ਸੰਪੂਰਣ ਜ਼ਿੰਦਗੀ ਦੇ ਰਾਹੀਂ ਅਤੇ ਦਿਲਕਸ਼ ਪਿਆਰ ਦੇ ਰਾਹੀਂ ਆਪਣੀ ਕਲੀਸੀਆ ਦੀ ਰਹਿਨੁਮਾਈ ਕਰਦਾ ਹੈ।

ਕਿਸੇ ਵੀ ਸੰਗਠਨ ਜਾਂ ਦੇਹ ਦੇ ਸਿਰ ਲਈ ਜ਼ਰੂਰੀ ਹੈ ਕਿ ਜਿਸ ਸੰਗਠਨ ਜਾਂ ਦੇਹ ਦੀ ਉਹ ਅਗਵਾਈ ਕਰਦਾ ਹੈ, ਉਸ ਨੂੰ ਉਹ ਪ੍ਰਤੀਤ, ਪ੍ਰਮਾਣਿਕਤਾ, ਅਤੇ ਸ਼ਕਤੀ ਦੇਵੇ ਜਿਹੜੀ ਉਹਦੇ ਕੋਲ ਹੈ। ਮਸੀਹ ਕਲੀਸੀਆ ਨੂੰ ਇਹ ਸਭ ਕੁਝ ਦਿੰਦਾ ਹੈ। ਮਸੀਹ ਪ੍ਰਮੇਸ਼ਵਰ ਦਾ ਪੁੱਤਰ,

ਕਲੀਸੀਆ ਦਾ ਸਿਰ ਹੋਣ ਅਤੇ ਆਪਣੀ ਅਗਵਾਈ ਨਾਲ ਕਲੀਸੀਆ ਨੂੰ ਆਪਣੀ ਬੇਦਾਗ਼ ਸੰਪੂਰਣਤਾ, ਅਪਾਰ ਬੁੱਧ, ਬੇਮਿਸਾਲ ਸਮੁੱਚਤਾ ਅਤੇ ਜ਼ਬਰਦਸਤ ਸ਼ਕਤੀ ਦਿੰਦਾ ਹੈ।

ਮਸੀਹ ਦੀ ਕਲੀਸੀਆ ਮਸੀਹ ਰਾਹੀਂ ਹੀ ਬਣਾਈ ਗਈ, ਮਸੀਹ ਇਹਦੀ ਅਗਵਾਈ ਕਰਦਾ ਹੈ ਅਤੇ ਇਸ ਨੂੰ ਮਸੀਹ ਦਾ ਹੀ ਨਾਮ ਮਿਲਿਆ ਹੈ। ਜੋ ਕੁਝ ਮਸੀਹ ਦਾ ਹੈ ਉਹ ਉਸ ਨੂੰ ਆਪਣੀ ਕਲੀਸੀਆ ਲਈ ਦਿੰਦਾ ਹੈ ਭਾਵ ਜੋ ਮਸੀਹ ਦਾ ਭਵਿੱਖ ਹੈ ਉਹੀ ਕਲੀਸੀਆ ਦਾ ਹੈ। ਉਹ ਆਪਣੀ ਕਲੀਸੀਆ ਨੂੰ ਕਾਇਮ ਰੱਖਣ ਅਤੇ ਉਹਦੇ ਭਵਿੱਖ ਲਈ ਉਹਨੂੰ ਪਵਿੱਤਰ ਕਰਨ ਦਾ ਵਾਅਦਾ ਕਰਦਾ ਹੈ ਤਾਂ ਜੋ ''ਉਹ ਉਸ ਨੂੰ ਆਪਣੇ ਲਈ ਇਹੋ ਜਿਹੀ ਪਰਤਾਪਵਾਨ ਕਲੀਸੀਆ ਤਿਆਰ ਕਰੇ ਜਿਹ ਦੇ ਵਿਚ ਕਲੰਕ ਯਾ ਬੱਜ ਯਾ ਕੋਈ ਹੋਰ ਅਜਿਹਾ ਔਗੁਣ ਨਾ ਹੋਵੇ ਸਗੋਂ ਉਹ ਪਵਿੱਤਰ ਅਤੇ ਨਿਰਮਲ ਹੋਵੇ'' (ਅਫ਼ਸੀਆਂ 5:27)।

ਜੇ ਮਸੀਹ ਨੇ ਕਲੀਸੀਆ ਨੂੰ ਬਣਾਇਆ ਹੈ, ਉਸਨੂੰ ਆਪਣਾ ਪਿਆਰ ਅਤੇ ਮੁਕਤੀ ਦਿੱਤੀ ਹੈ ਅਤੇ ਕਲੀਸੀਆ ਨੂੰ ਅਨੰਤ ਮਹਿਮਾ ਦੇ ਮੁਕਟ ਨਾਲ ਸਜਾਇਆ ਹੈ, ਤਾਂ ਕੌਣ ਹੈ ਜਿਹੜਾ ਉਹਦੀ ਕਲੀਸੀਆ ਵਿਚ ਆਉਣਾ ਨਾ ਚਾਹੇਗਾ?

ਕੀ ਤੁਸੀਂ ਮਸੀਹ ਦੀ ਅਗਵਾਈ ਵਾਲੀ ਕਲੀਸੀਆ ਵਿਚ ਹੋ?

## ਅਧਿਐਨ ਲਈ ਪ੍ਰਸ਼ਨ

*(ਇਸ ਦੇ ਉੱਤਰ ਅੰਤਿਕਾ 1 ਵਿਚ ਦਿੱਤੇ ਗਏ ਹਨ)*

1. ਅਜਿਹੀ ਲੀਡਰਸ਼ਿਪ ਦੀਆਂ ਉਦਾਹਰਣਾਂ ਦਿਓ ਜੋ ਅਸਲ 'ਚ ਅਗਵਾਈ ਨਹੀਂ ਕਰਦੀ।
2. ਮਸੀਹ ਅਧਿਕਾਰ ਵਿਚ ਕਲੀਸੀਆ ਦਾ ਸਿਰ ਕਿਵੇਂ ਹੈ? ਬਾਈਬਲ ਦੀਆਂ ਆਇਤਾਂ ਦੱਸੋ ਜਿਨ੍ਹਾਂ ਵਿਚ ਇਹ ਪਤਾ ਲਗਦਾ ਹੈ ਕਿ ਯਿਸੂ ਨੂੰ ਸਾਰਾ ਇਖ਼ਤਿਆਰ ਹੈ।
3. ਮਸੀਹ ਨੇ ਕਲੀਸੀਆ ਦਾ ਸਿਰ ਬਣ ਕੇ ਕਦ ਤਕ ਰਾਜ ਕਰਨਾ ਹੈ? (ਵੇਖੋ 1 ਕੁਰਿੰਥੀਆਂ 15:23-25.)
4. ਯਿਸੂ ਸਾਡਾ ਸਿੱਧ ਮੁਕਤੀ ਦਾਤਾ ਕਿਵੇਂ ਬਣਿਆ? (ਵੇਖੋ ਇਬਰਾਨੀਆਂ 5:8, 9.)
5. ਮਸੀਹ ਵਿਚ ਮਨਬਦਲੀ ਹੋਣਾ ਇਕ ਸਮੇਂ ਵਿਚ ਹੋਣ ਵਾਲੀ ਘਟਨਾ ਹੈ, ਪਰ ਉਹਦੇ ਰੂਪ ਵਿਚ ਬਦਲਣਾ ਲੰਮੇ ਸਮੇਂ ਤਕ ਚੱਲਣ ਵਾਲੀ ਪ੍ਰਕ੍ਰਿਆ ਹੈ। ਬਦਲਣ ਦੀ ਇਸ ਪ੍ਰਕ੍ਰਿਆ ਤੇ ਚਰਚਾ ਕਰੋ। (ਵੇਖੋ 2 ਕੁਰਿੰਥੀਆਂ 3:18.)
6. ਮਸੀਹ ਦੇ ਚੇਲਿਆਂ ਦੇ ਪੈਰ ਧੋਣ ਤੋਂ ਮਸੀਹ ਲਈ ਜੀਉਣ ਦੀ ਕੀ ਸਿੱਖਿਆ ਮਿਲਦੀ ਹੈ?
7. ਮਸੀਹੀ ਲੋਕ ਅੱਜ ''ਇਕ ਦੂਜੇ ਦੇ ਪੈਰ'' ਕਿਵੇਂ ਧੋਂਦੇ ਹਨ?